## ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
## ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 26-04-2018 ਨੂੰ ਸ਼ਾਮ 04.00 ਵਜੇ ਸਿੰਡੀਕੇਟ ਰੂਮ, ਗੁਰੂ ਤੇਗ ਬਹਾਦਰ ਹਾਲ, ਯੂਨੀਵਰਸਿਟੀ ਕੈਂਪਸ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ :

**ਹਾਜ਼ਰ ਮੈਂਬਰ**

1. ਡਾ. ਬੀ.ਐਸ.ਘੁੰਮਣ (ਚੇਅਰਮੈਨ)
   ਵਾਈਸ-ਚਾਂਸਲਰ
2. ਡਾ. ਜੀ.ਐਸ.ਬੱਤਰਾ,
   ਡੀਨ, ਅਕਾਦਮਿਕ ਮਾਮਲੇ/
   ਡੀਨ, ਫੈਕਲਟੀ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਅਤੇ
   ਡੀਨ, ਫੈਕਲਟੀ ਆਫ਼ ਬਿਜਨਸ ਸਟੱਡੀਜ਼
3. ਪ੍ਰੋਫੈਸਰ ਐਸ.ਐਸ. ਢਿੱਲੋਂ,
   ਸਾਬਕਾ ਰਜਿਸਟਰਾਰ,
   ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
4. ਪ੍ਰੋਫੈਸਰ ਪ੍ਰਿਥੀਪਾਲ ਸਿੰਘ ਕਪੂਰ
5. ਡਾ. ਜਸਪਾਲ ਕੌਰ ਧੰਜੂ,
   ਡੀਨ, ਰਿਸਰਚ
6. ਡਾ. ਆਰ.ਐਸ.ਅਰੋੜਾ,
   ਵਿੱਤ ਅਫ਼ਸਰ
7. ਡਾ. ਮਨਜੀਤ ਸਿੰਘ ਨਿੱਝਰ,
   ਰਜਿਸਟਰਾਰ
8. ਡਾ. ਜਸਬੀਰ ਕੌਰ,
   ਡੀਨ, ਫੈਕਲਟੀ ਆਫ਼ ਆਰਟਸ ਐਂਡ ਕਲਚਰ
9. ਡਾ. ਸਤਬੀਰ ਕੌਰ,
   ਡੀਨ, ਫੈਕਲਟੀ ਆਫ਼ ਲਾਈਫ਼ ਸਾਇੰਸਿਜ
10. ਡਾ. ਅਮਿਤਾ ਕੌਸ਼ਲ,
    ਡੀਨ, ਫੈਕਲਟੀ ਆਫ਼ ਲਾਅ
11. ਡਾ. ਜਗਰੂਪ ਕੌਰ,
    ਡੀਨ, ਫੈਕਲਟੀ ਆਫ਼ ਸੋਸ਼ਲ ਸਾਇੰਸਿਜ
12. ਡਾ. ਅਘੋਰੀ ਗੋਰੰਗ ਸਿਨਹਾ,
    ਡੀਨ, ਫੈਕਲਟੀ ਆਫ਼ ਮੈਡੀਸਨ
13. ਡਾ. ਨਿਸ਼ਾਨ ਸਿੰਘ ਦਿਓਲ,
    ਡੀਨ, ਫੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸਨ ਸਾਇੰਸਿਜ
14. ਡਾ. ਬਲਵਿੰਦਰ ਸਿੰਘ ਟਿਵਾਣਾ,
    ਡਾਇਰੈਕਟਰ, ਯੋਜਨਾ ਤੇ ਨਿਰੀਖਣ

ਸ. ਤਰਲੋਚਨ ਸਿੰਘ, ਸ੍ਰੀ ਰੌਣਕੀ ਰਾਮ, ਡੀਨ, ਕਾਲਜ ਵਿਕਾਸ ਕੌਂਸਲ, ਡੀਨ, ਫੈਕਲਟੀ ਆਫ਼ ਫਿਜ਼ੀਕਲ ਸਾਇੰਸਿਜ, ਡੀਨ, ਫੈਕਲਟੀ ਆਫ਼ ਕੰਪਿਊਟਿੰਗ ਸਾਇੰਸਿਜ ਅਤੇ ਡੀਨ, ਫੈਕਲਟੀ ਆਫ਼ ਲੈਂਗੂਏਜਿਜ਼ ਕੁਝ ਪ੍ਰਸ਼ਾਸਕੀ ਰੁਝੇਵਿਆਂ ਕਾਰਨ ਇਕੱਤਰਤਾ ਵਿੱਚ ਸ਼ਾਮਲ ਨਹੀ ਹੋ ਸਕੇ।

ਮੀਟਿੰਗ ਦੀ ਸ਼ੁਰੂਆਤ ਵਿੱਚ ਡਾਇਰੈਕਟਰ, ਯੋਜਨਾ ਤੇ ਨਿਰੀਖਣ ਵੱਲੋਂ ਵਾਈਸ-ਚਾਂਸਲਰ ਸਾਹਿਬ ਅਤੇ ਕਮੇਟੀ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿੱਤੀ ਗਈ ਕਿ ਯੂਨੀਵਰਸਿਟੀ ਦੇ ਕਈ ਵਿਭਾਗਾਂ, ਬਾਹਰਲੇ ਸੈਂਟਰਾਂ ਅਤੇ ਕਾਂਸਟੀਚਿਊਟ ਕਾਲਜਾਂ ਪਾਸੋਂ ਅਕਾਦਮਿਕ ਸੈਸ਼ਨ 2018-19 ਦੌਰਾਨ ਨਵੇਂ ਕੋਰਸ ਸ਼ੁਰੂ ਕਰਨ/ਕੋਰਸ ਬੰਦ ਕਰਨ ਅਤੇ ਕੋਰਸਾਂ ਦੀਆਂ ਸੀਟਾਂ ਘਟਾਉਣ/ਵਧਾਉਣ ਆਦਿ ਸਬੰਧੀ ਤਜਵੀਜ਼ਾਂ ਪ੍ਰਾਪਤ ਹੋਈਆਂ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਕੇਸ ਯੋਜਨਾ ਤੇ ਨਿਰੀਖਣ ਬੋਰਡ ਵਿੱਚ ਵਿਚਾਰੇ ਜਾਣੇ ਹਨ।

ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 25-04-2017 ਨੂੰ ਹੋਈ ਯੋਜਨਾ ਤੇ ਨਿਰੀਖਣ ਬੋਰਡ ਦੀ ਇਕੱਤਰਤਾ ਦੀ ਕਾਰਵਾਈ ਦੀ ਪ੍ਰਸ਼ਟੀ ਕੀਤੀ ਗਈ। ਇਸ ਉਪਰੰਤ ਕਮੇਟੀ ਵੱਲੋਂ ਇਨ੍ਹਾਂ ਤਜਵੀਜ਼ਾਂ ਤੇ ਭਰਪੂਰ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਰਬ-ਸੰਮਤੀ ਨਾਲ ਨਿਮਨ-ਲਿਖਤ ਦੀ ਲੋਅ ਵਿੱਚ ਸੋਧ ਉਪਰੰਤ ਫੈਸਲਾ ਕੀਤਾ ਗਿਆ:

ਮੱਦ ਨੰਬਰ 1

ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਬਾਹਰਲੇ ਸੈਂਟਰਾਂ/ਨੇਬਰਹੁੱਡ ਕੈਂਪਸਿਜ ਅਤੇ ਕਾਂਸਟੀਚਿਊਟ ਕਾਲਜਾਂ ਵਿਖੇ ਕੋਰਸ ਸ਼ੁਰੂ/ਬੰਦ ਕਰਨ, ਸੀਟਾਂ ਘਟਾਉਣ/ਵਧਾਉਣ ਅਤੇ ਵਿਭਾਗ/ਡਿਪਲੋਮੇ ਦਾ ਨਾਮ ਬਦਲਣ ਸਬੰਧੀ ਵਾਈਸ-ਚਾਂਸਲਰ ਵੱਲੋਂ ਗਠਿਤ ਕਮੇਟੀ ਦੀ ਮਿਤੀ 13-02-2018 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਤੇ ਵਿਚਾਰ ਕਰਨ ਅਤੇ ਸੋਧ ਕਰਨ ਉਪਰੰਤ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ (ਅੰਤਿਕਾ-I):

ਨੋਟ :

1 ਲਾਅ ਵਿਭਾਗ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਐਲ.ਐਲ.ਐਮ ਕੋਰਸ ਸ਼ੁਰੂ ਨਾ ਕੀਤਾ ਜਾਵੇ। ਯੂ.ਜੀ.ਸੀ., ਨਵੀਂ ਦਿੱਲੀ ਦੇ ਪੱਤਰ ਨੰਬਰ 5-1/99 (CPP-II) ਮਿਤੀ 18-01-2013 ਮੁਤਾਬਕ ਇਸ ਕੋਰਸ ਨੂੰ ਚਲਾਉਣ ਵਾਸਤੇ ਘੱਟੋ-ਘੱਟ 10 ਫੈਕਲਟੀ ਮੈਂਬਰ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿਚ ਘੱਟੋ-ਘੱਟ 04 ਪ੍ਰੋਫੈਸਰ/ਐਸੋਸ਼ੀਏਟ ਪ੍ਰੋਫੈਸਰ ਹੋਣੇ ਲਾਜ਼ਮੀ ਹਨ।

2. ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਫਾਰ ਇਨਫਰਮੇਸ਼ਨ ਟੈਕਨਾਲੋਜੀ ਐਂਡ ਮੈਨੇਜਮੈਂਟ, ਮੁਹਾਲੀ ਵਿਖੇ MCA (BCA+MCA Five year Integrated course) ਦੀ ਫੀਸ ਘਟਾਕੇ 40,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਕਰ ਲਈ ਜਾਵੇ ਅਤੇ ਇਸ ਕੋਰਸ ਦੀਆਂ ਸੀਟਾਂ 36 ਤੋਂ ਵਧਾ ਕੇ 40 ਕਰ ਲਈਆਂ ਜਾਣ। ਇਸ ਤੋਂ ਇਲਾਵਾ ਸੈਂਟਰ ਵਿਖੇ ਨਿਮਨ ਲਿਖਿਤ ਨਵੇਂ ਕੋਰਸ ਸ਼ੁਰੂ ਕਰ ਲਏ ਜਾਣ:

a) ਅਕਾਦਮਿਕ ਸੈਸ਼ਨ 2018-19 ਤੋਂ B.Com ਕੋਰਸ 40 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ ਅਤੇ ਇਸਦੀ ਫੀਸ 40,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਰੱਖੀ ਜਾਵੇ।

b) BBA ਕੋਰਸ 40 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ ਅਤੇ ਇਸ ਦੀ ਫੀਸ 40,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਰੱਖੀ ਜਾਵੇ।

c) M.Com ਕੋਰਸ 40 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ ਅਤੇ ਇਸ ਦੀ ਫੀਸ 40,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਰੱਖੀ ਜਾਵੇ।

ਬੋਰਡ ਵੱਲੋਂ ਸੋਧ ਉਪਰੰਤ ਪਾਸ ਕੀਤਾ ਗਿਆ ਹੈ ਕਿ M.Com ਕੋਰਸ ਦੀ ਫੀਸ 50,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਰੱਖੀ ਜਾਵੇ।

d) MBA (Executive) ਕੋਰਸ 40 ਸੀਟਾ ਨਾਲ ਸ਼ੁਰੂ ਕਰ ਲਿਆ ਜਾਵੇ ਅਤੇ ਇਸ ਦੀ ਫੀਸ 90,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਰੱਖੀ ਜਾਵੇ।

e) B.Sc. (Hons) in Computer Science ਕੋਰਸ 40 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ ਅਤੇ ਇਸ ਦੀ ਫੀਸ 40,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਰੱਖੀ ਜਾਵੇ।

ਬੋਰਡ ਵੱਲੋਂ ਸੋਧ ਉਪਰੰਤ ਪਾਸ ਕੀਤਾ ਗਿਆ ਹੈ ਕਿ B.Sc. (Hons) in Computer Science ਕੋਰਸ ਦੀ ਫੀਸ 45,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਰੱਖੀ ਜਾਵੇ।

f) Diploma in Computing ਕੋਰਸ 40 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ ਅਤੇ ਇਸ ਦੀ ਫੀਸ 20,000/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਰੱਖੀ ਜਾਵੇ।

ਕ੍ਰਮਾਂਕ (f) ਨੂੰ Diploma in Computing [two semester (one year)] ਦੀ ਸੋਧ ਨਾਲ ਪਾਸ ਕੀਤਾ ਗਿਆ।

ਇਸ ਦੇ ਨਾਲ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਕੋਈ ਵੱਖਰਾ ਸਟਾਫ ਨਹੀਂ ਦਿੱਤਾ ਜਾਵੇਗਾ।

3. ਸਕੂਲ ਆਫ਼ ਸੋਸ਼ਲ ਸਾਇੰਸਿਜ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਐਮ.ਏ (ਸੋਸ਼ਲ ਸਾਇੰਸਿਜ) ਕੋਰਸ ਸ਼ੁਰੂ ਕਰਨ ਦੀ ਬਜਾਏ ਬੀ.ਏ. ਆਨਰਜ਼ ਇੰਨ ਸੋਸ਼ਲ ਸਾਇੰਸਿਜ਼ ਕੋਰਸ ਦੀ ਮੌਜੂਦਾ ਸੀਟਾਂ ਦੇ ਨਾਲ ਇਕ ਹੋਰ ਸੈਕਸ਼ਨ 60 ਵਿਦਿਆਰਥੀਆਂ ਦਾ ਸ਼ੁਰੂ ਕਰ ਲਿਆ ਜਾਵੇ। ਵਿਭਾਗ ਨੂੰ ਸਪੇਸ ਅਤੇ ਫੈਕਲਟੀ ਦੇਣ ਦਾ ਪ੍ਰਬੰਧ ਡੀਨ, ਅਕਾਦਮਿਕ ਮਾਮਲੇ ਵੱਲੋਂ ਕੀਤਾ ਜਾਵੇਗਾ।

ਸਕੂਲ ਆਫ਼ ਸੋਸ਼ਲ ਸਾਇੰਸਿਜ ਵਿਭਾਗ ਵਾਸਤੇ ਗੈਸਟ ਫੈਕਲਟੀ ਦਾ ਪ੍ਰਬੰਧ ਡਿਸਟੈਂਸ ਐਜੂਕੇਸ਼ਨ ਵਿਭਾਗ ਅਤੇ ਰਿਸਰਚ ਵਿਭਾਗਾਂ ਦੀ ਫੈਕਲਟੀ ਵਿਚੋਂ ਕੀਤਾ ਜਾਵੇਗਾ।

4. ਫਾਰਸੀ, ਉਰਦੂ ਅਤੇ ਅਰੈਬਿਕ ਵਿਭਾਗ ਵਿਖੇ ਸਿਰਫ਼ ਸ਼ਾਰਟ ਟਰਮ ਉਰਦੂ/ਫਾਰਸੀ ਲਰਨਿੰਗ ਕੋਰਸ (ਤਿੰਨ ਮਹੀਨੇ) ਸ਼ੁਰੂ ਕਰ ਲਿਆ ਜਾਵੇ ਅਤੇ ਇਹ ਇਸ ਸ਼ਰਤ ਤੇ ਸ਼ੁਰੂ ਕੀਤਾ ਜਾਵੇ ਕਿ ਇਸ ਲਈ ਕੋਈ ਵਿੱਤੀ ਬੋਝ ਨਹੀਂ ਹੋਵੇਗਾ।

5. ਸਿਵਲ ਇੰਜੀਨੀਅਰਿੰਗ ਵਿਭਾਗ ਵਿਖੇ M.Tech (Civil Engineering with sub specilisation of Highway Engineering) ਕੋਰਸ 25 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ। ਇਸ ਤੋਂ ਇਲਾਵਾ ਵਿਭਾਗ ਵਿਖੇ ਚਲ ਰਹੇ B.Tech (Civil Engineering) ਦੀਆਂ ਸੀਟਾਂ 180 ਹੀ ਰਹਿਣ ਦਿੱਤੀਆਂ ਜਾਣ।

ਇੰਚਾਰਜ, ਸਿਵਲ ਇੰਜੀਨੀਅਰਿੰਗ ਵਿਭਾਗ ਦੀ ਪ੍ਰਤੀ ਬੇਨਤੀ ਅਨੁਸਾਰ M.Tech (Civil Engineering with sub specialization of Highway Engineering ) ਕੋਰਸ ਦਾ ਨਾਮ ਬਦਲ ਕੇ M.Tech Civil Engineering (Specialisation in Transportation Engineering) ਕਰਨ ਸਬੰਧੀ ਬੋਰਡ ਵੱਲੋਂ ਪ੍ਰਵਾਨਗੀ ਦਿੱਤੀ ਗਈ ਅਤੇ ਇਸ ਨਾਮਿਨਕਲੇਚਰ ਨਾਲ ਕੋਰਸ ਸ਼ੁਰੂ ਕੀਤਾ ਜਾਵੇ।

6. ਡਿਸਟੈਂਸ ਐਜੂਕੇਸ਼ਨ ਵਿਭਾਗ ਵਿਖੇ ਨਿਮਨ-ਲਿਖਤ ਕੋਰਸ ਸ਼ੁਰੂ ਕਰ ਲਏ ਜਾਣ:

a) M.A (Public Administration)
b) M.A (Sociology)
c) M.A (Education)
d) P.G. Diploma in Counseling for Substance Abuse Prevention and Treatment
e) P.G. Diploma in Criminology and Police Administration
f) Certificate Course in Questioned Documents and Fingerprint Analysis
g) P.G. Diploma in Conflict Resolution

ਡਿਸਟੈਂਸ ਐਜੂਕੇਸ਼ਨ ਵਿਭਾਗ Certificate Course in Questioned Documents and Fingerprint Analysis ਫੋਰੈਂਸਿਕ ਸਾਇੰਸ ਵਿਭਾਗ ਦੀ collaboration ਨਾਲ ਚਲਾਇਆ ਜਾਵੇ।

ਕ੍ਰਮਾਂਕ (f) ਬਾਰੇ ਬੋਰਡ ਵੱਲੋਂ ਸਪੱਸ਼ਟ ਫੈਸਲਾ ਕੀਤਾ ਗਿਆ ਕਿ ਇਹ ਡਿਪਲੋਮਾ ਹਰ ਹਾਲਤ ਵਿੱਚ ਫੋਰੈਂਸਿਕ ਸਾਇੰਸ ਵਿਭਾਗ ਦੀ collaboration ਨਾਲ ਹੀ ਚਲਾਇਆ ਜਾਵੇਗਾ। ਫੋਰੈਂਸਿਕ ਸਾਇੰਸ ਵਿਭਾਗ ਦੀ collaboration ਤੋਂ ਬਿਨਾਂ ਨਹੀਂ ਚਲੇਗਾ।

7. ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ ਨਿਮਨਲਿਖਤ ਸਰਟੀਫਿਕੇਟ ਕੋਰਸ ਸ਼ੁਰੂ ਕਰ ਲਏ ਜਾਣ:

a) Programming with Python (PPY) 30 ਸੀਟਾਂ
ਫੀਸ 15,000/- ਪ੍ਰਤੀ ਵਿਦਿਆਰਥੀ/ਤਿੰਨ ਮਹੀਨੇ

b) Data Analysis with Python (DAPy) 30 ਸੀਟਾਂ
ਫੀਸ 15,000/- ਪ੍ਰਤੀ ਵਿਦਿਆਰਥੀ/ਤਿੰਨ ਮਹੀਨੇ

c) Data Science with R (DSR) 30 ਸੀਟਾਂ
ਫੀਸ 15,000/- ਪ੍ਰਤੀ ਵਿਦਿਆਰਥੀ/ਤਿੰਨ ਮਹੀਨੇ

ਬੋਰਡ ਵੱਲੋਂ ਇਹ ਵੀ ਰਾਇ ਕਾਇਮ ਕੀਤੀ ਗਈ ਕਿ ਜੇਕਰ ਯੂਨੀਵਰਸਿਟੀ ਕੈਂਪਸ ਵਿਖੇ ਇਹ ਸਰਟੀਫਿਕੇਟ ਕੋਰਸ ਮੌਜੂਦਾ ਫੈਕਲਟੀ ਨਾਲ ਚਲਾਏ ਜਾ ਸਕਦੇ ਹਨ ਤਾ ਇਹ ਕੋਰਸ ਸ਼ੁਰੂ ਕਰ ਲਏ ਜਾਣ।

8. ਯੂਨੀਵਰਸਿਟੀ ਸਕੂਲ ਆਫ ਬਿਜਨਸ ਸਟੱਡੀਜ਼, ਤਲਵੰਡੀ ਸਾਬੋ ਵਿਖੇ ਨਿਮਨ-ਲਿਖਤ ਕੋਰਸ/ਕਲਾਸਾਂ ਸ਼ੁਰੂ ਕਰ ਲਈਆਂ ਜਾਣ:

a) ਯੂ.ਜੀ.ਸੀ (ਨੈਟ) (ਮੈਨੇਜਮੈਂਟ) ਕੋਚਿੰਗ ਦੀ ਤਿਆਰੀ ਕਰਵਾਉਣ ਲਈ 30 ਸੀਟਾਂ ਨਾਲ ਕਲਾਸ ਸ਼ੁਰੂ ਕਰ ਲਈ ਜਾਵੇ। ਇਸ ਕੋਰਸ ਦੀ ਫੀਸ 20,000/- ਰੁਪਏ ਪ੍ਰਤੀ ਵਿਦਿਆਰਥੀ ਰੱਖ ਲਈ ਜਾਵੇ।

b) ਪੀ.ਐਚ.ਡੀ ਕੋਰਸਵਰਕ (ਰੈਗੂਲਰ) 20 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ।

ਇਸ ਦੇ ਨਾਲ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਕੋਈ ਵੱਖਰਾ ਸਟਾਫ ਨਹੀਂ ਦਿੱਤਾ ਜਾਵੇਗਾ।

ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਯੂਨੀਵਰਸਿਟੀ ਸਕੂਲ ਆਫ ਬਿਜਨਸ ਸਟੱਡੀਜ਼, ਤਲਵੰਡੀ ਸਾਬੋ ਵਿਖੇ ਯੂ.ਜੀ.ਸੀ (ਨੈਟ) (ਮੈਨੇਜਮੈਂਟ) ਅਤੇ (ਕਾਮਰਸ) ਦੀ ਤਿਆਰੀ ਲਈ 20-20 ਸੀਟਾਂ ਨਾਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਇਸ ਤੋਂ ਇਲਾਵਾ ਵਿਭਾਗ ਵਿਖੇ ਪੀ.ਐਚ.ਡੀ ਕੋਰਸਵਰਕ (ਰੈਗੂਲਰ) ਬਿਜਨਸ ਮੈਨੇਜਮੈਂਟ ਅਤੇ ਕਾਮਰਸ ਵਿੱਚ 20-20 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ।

9. ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ ਵਿਖੇ B.Tech (Electronics and Computer Engineering) ਕੋਰਸ 60 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ। ਇਸ ਵਿਭਾਗ ਵਿਖੇ B.Tech (Electronics and Communication Engineering) ਦੀਆਂ 180 ਸੀਟਾਂ ਹੀ ਰਹਿਣ ਦਿੱਤੀਆਂ ਜਾਣ।

10. ਸੈਂਟਰ ਫਾਰ ਐਡਵਾਂਸ ਮੀਡੀਆ ਸਟੱਡੀਜ਼ ਵਿਖੇ ਨਿਮਨ-ਲਿਖਤ ਸ਼ਾਰਟ ਟਰਮ ਕੋਰਸ ਸ਼ੁਰੂ ਕਰ ਲਏ ਜਾਣ:

a) **Still Photography and Videography**

- Certificate Course in Still Photography and Videography - (3 Months)
- Diploma in Videography and Still Photography - (6 Months)
- Advanced Diploma in Videography and Still Photography - [two semester (one year)]

b) **Video Editing and Compositing**

- Certificate course in Video Editing - (3 Months)
- Diploma in Video Editing - (6 Months)
- Advanced Diploma in Video Editing and Compositing - [two semester (one year)]

c) **Acting and Direction**

- Certificate course in Acting - (3 Months)

- Diploma in TV and Film Acting - (6 Months)
- Advanced Diploma in TV, Film Acting Direction - [two semester (one year)]

ਬੋਰਡ ਵੱਲੋਂ ਪਾਸ ਕੀਤਾ ਗਿਆ ਕਿ ਉਕਤ ਡਿਪਲੋਮਾ ਕੋਰਸਾਂ ਵਾਸਤੇ 30 ਸੀਟਾਂ ਪ੍ਰਤੀ ਡਿਪਲੋਮਾ ਨਿਰਧਾਰਿਤ ਕੀਤੀਆਂ ਜਾਣ ਭਾਵ **a) Still Photography and Videography - 30 ਸੀਟਾਂ, b) Video Editing and Compositing - 30 ਸੀਟਾਂ ਅਤੇ c) Acting and Direction - 30 ਸੀਟਾਂ।**

ਇਸ ਤੋਂ ਇਲਾਵਾ ਵਿਭਾਗ ਜੇਕਰ ਆਪਣੇ ਸਾਧਨਾਂ ਰਾਹੀ ਫੰਡਜ਼ generate ਕਰ ਲੈਂਦਾ ਹੈ ਤਾਂ ਵਿਭਾਗ ਵਿਖੇ ਨਿਮਨਲਿਖਿਤ ਕੋਰਸ ਵੀ ਸ਼ੁਰੂ ਕੀਤੇ ਜਾ ਸਕਦੇ ਹਨ:

d) **Digital Graphics**

- Certificate course in Digital graphics
- Diploma in Digital Graphics
- Advanced Diploma in Digital Graphics

e) **3D Graphics and Animation**

- Certificate course in 3D graphics
- Diploma in 3Danimation Maya
- Advanced Diploma in 3D Animation Maya

ਉਪਰੋਕਤ ਸੀਟਾਂ ਅਤੇ duration ਸਬੰਧੀ ਵਿਵਸਥਾ (d) ਅਤੇ (e) ਤੇ ਵੀ ਲਾਗੂ ਹੋਵੇਗੀ।

ਵਿਭਾਗ ਵਿਖੇ MBA (Media Studies) ਸ਼ੁਰੂ ਕਰਨ ਸਬੰਧੀ ਮਾਮਲੇ ਤੇ ਵਿਚਾਰ ਕਰਨ ਲਈ ਵਿਭਾਗੀ ਏ.ਸੀ.ਡੀ ਦੀ ਇਕੱਤਰਤਾ ਕਰਵਾਈ ਜਾਵੇ।

ਡਾਇਰੈਕਟਰ, ਯੋਜਨਾ ਤੇ ਨਿਰੀਖਣ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਸੈਂਟਰ ਫਾਰ ਐਡਵਾਂਸ ਮੀਡੀਆ ਸਟੱਡੀਜ਼ ਦੀ ਏ.ਸੀ.ਡੀ ਕਾਰਵਾਈ ਪ੍ਰਾਪਤ ਹੋ ਗਈ ਹੈ ਅਤੇ ਬੋਰਡ ਵੱਲੋਂ ਇਹ ਕੋਰਸ MBA (Media Studies and Entertainment) ਨਾਮਨਕਲੇਚਰ ਨਾਲ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਇਹ ਕੋਰਸ ਫੈਕਲਟੀ ਆਫ਼ ਬਿਜ਼ਨਸ ਸਟੱਡੀਜ਼ ਦੀ collaboration ਨਾਲ ਚਲਾਇਆ ਜਾਵੇਗਾ।

11. ਸਕੂਲ ਆਫ਼ ਮੈਨੇਜ਼ਮੈਂਟ ਸਟੱਡੀਜ਼ ਵਿਭਾਗ ਵਿਖੇ MBA (Hospital and Health Care Management) ਅਤੇ MBA (Environment and Solid Waste Management) ਕੋਰਸ ਸ਼ੁਰੂ ਕਰ ਲਏ ਜਾਣ।

    ਬੋਰਡ ਵੱਲੋਂ ਫੈਸਲਾ ਕੀਤਾ ਗਿਆ ਕਿ ਸਕੂਲ ਆਫ਼ ਮੈਨੇਜ਼ਮੈਂਟ ਸਟੱਡੀਜ਼ ਵਿਭਾਗ ਵਿਖੇ MBA (Hospital and Health Care Management) ਕੋਰਸ ਫੈਕਲਟੀ ਆਫ਼ ਮੈਡੀਸਨ ਦੀ collaboration ਨਾਲ ਸ਼ੁਰੂ ਕੀਤਾ ਜਾਵੇ।

12. ਲੋਕ ਪ੍ਰਸ਼ਾਸ਼ਨ ਵਿਭਾਗ ਵਿਖੇ ਐਮ.ਏ (ਪਬਲਿਕ ਪਾਲਿਸੀ ਐਂਡ ਗਵਰਨੈਂਸ) ਅਤੇ ਐਮ.ਏ (ਡਿਸਾਸਟਰ ਮੈਨੇਜ਼ਮੈਂਟ) ਕੋਰਸ ਸ਼ੁਰੂ ਕਰ ਲਏ ਜਾਣ। ਇਹ ਸਪਸ਼ਟ ਹੈ ਕਿ ਇਨ੍ਹਾਂ ਕੋਰਸਾਂ ਦੀਆਂ ਘੱਟੋ-ਘੱਟ 30 ਸੀਟਾਂ ਭਰੀਆਂ ਜਾਣਗੀਆਂ ਤਾਂ ਹੀ ਇਹ ਕੋਰਸ ਚਲਾਏ ਜਾਣਗੇ। ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਵਿਭਾਗ ਨੂੰ ਗੈਸਟ ਫੈਕਲਟੀ ਦਿੱਤੀ ਜਾਵੇਗੀ।

13. ਕੈਮਿਸਟਰੀ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2018–19 ਤੋਂ ਐਮ.ਐਸ.ਸੀ ਕੈਮਿਸਟਰੀ ਦੀ ਥਾਂ ਐਮ.ਐਸ.ਸੀ ਕੈਮਿਸਟਰੀ (ਆਨਰਜ਼) ਦੋ ਸਾਲਾ ਕੋਰਸ ਸ਼ੁਰੂ ਕਰ ਲਿਆ ਜਾਵੇ ਅਤੇ ਇਸ ਵਿੱਚ ਦਾਖਲਾ ਐਂਟਰੈਂਸ ਟੈਸਟ ਰਾਹੀ ਕਰ ਲਿਆ ਜਾਵੇ।

ਮੁਖੀ ਕੈਮਿਸਟਰੀ ਵਿਭਾਗ ਵੱਲੋਂ ਪੱਤਰ ਪ੍ਰਾਪਤ ਹੋਇਆ ਹੈ ਕਿ ਵਿਭਾਗ ਵਿਖੇ ਚਲ ਰਹੀ ਪਹਿਲੀ ਸਥਿਤੀ ਅਨੁਸਾਰ M.Sc (Chemistry) ਕੋਰਸ ਹੀ ਚਲਾਇਆ ਜਾਵੇ। ਬੋਰਡ ਵੱਲੋਂ ਸੋਧ ਉਪਰੰਤ ਫੈਸਲਾ ਕੀਤਾ ਗਿਆ ਕਿ ਕੈਮਿਸਟਰੀ ਵਿਭਾਗ ਵਿਖੇ ਪਹਿਲੀ ਸਥਿਤੀ, ਭਾਵ ਸੈਸ਼ਨ 2017-18 ਵਾਲੀ, ਹੀ ਕਾਇਮ ਰਹੇ ਅਤੇ ਵਿਭਾਗ ਵਿਖੇ M.Sc (Chemistry) ਕੋਰਸ ਹੀ ਚਲਦਾ ਰਹਿਣ ਦਿੱਤਾ ਜਾਵੇ।

14. ਕੰਪਿਊਟਰ ਸਾਇੰਸ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਐਮ.ਸੀ.ਏ ਕੋਰਸਾਂ ਵਿੱਚ ਦਾਖਲਾ ਪ੍ਰਵੇਸ਼ ਪ੍ਰੀਖਿਆ ਦੀ ਥਾਂ ਤੇ Qualifying Class/Degree ਦੇ marks ਦੀ ਮੈਰਿਟ ਦੇ ਅਧਾਰ ਤੇ ਕਰ ਲਿਆ ਜਾਵੇ।

15 ਫਿਲਾਸਫੀ ਵਿਭਾਗ ਵਿਖੇ ਐਮ.ਏ ਭਾਗ ਪਹਿਲਾ (ਫਿਲਾਸਫੀ) ਦੀ ਸੀਟਾਂ 30 ਤੋਂ ਵਧਾ ਕੇ 50 ਕਰ ਦਿੱਤੀਆਂ ਜਾਣ।

16. ਮਨੋਵਿਗਿਆਨ ਵਿਭਾਗ ਵਿਖੇ ਚਲ ਰਹੇ ਪੀ.ਜੀ ਡਿਪਲੋਮਾ ਇਨ ਚਾਈਲਡ ਕੇਅਰ ਐਂਡ ਸਕਿੱਲ ਡਿਵੈਲਪਮੈਂਟ ਦਾ ਨਾਮ ਬਦਲ ਕੇ ਪੀ.ਜੀ.ਡਿਪਲੋਮਾ ਇਨ ਚਾਈਲਡ ਡਿਵੈਲਪਮੈਂਟ ਐਂਡ ਕਾਊਂਸਲਿੰਗ ਕਰ ਦਿੱਤਾ ਜਾਵੇ।

17. ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ ਵਿਖੇ ਐਮ.ਏ ਐਜੂਕੇਸ਼ਨ ਦੀਆਂ ਸੀਟਾਂ ਦੀ ਗਿਣਤੀ 30 ਤੋਂ ਵਧਾ ਕੇ 60 ਕਰ ਦਿੱਤੀਆਂ ਜਾਣ।

18. ਫਿਜਿਕਸ ਵਿਭਾਗ ਵਿਖੇ ਐਮ.ਐਸ.ਸੀ (ਐਸਟ੍ਰੋਨੋਮੀ ਐਂਡ ਸਪੇਸ ਫਿਜਿਕਸ) ਅਤੇ ਐਮ.ਐਸ.ਸੀ ਫਿਜਿਕਸ (ਨੈਨੋ ਸਾਇੰਸ ਐਂਡ ਟੈਕਨਾਲੋਜੀ) ਕੋਰਸ ਬੰਦ ਨਾ ਕੀਤੇ ਜਾਣ। ਹਾਲ ਦੀ ਘੜੀ ਇਹ ਦੋਵੇਂ ਕੋਰਸ ਇੱਕ ਸਾਲ ਹੋਰ ਚਲਾਏ ਜਾਣ, ਉਸ ਉਪਰੰਤ ਇਨ੍ਹਾਂ ਦੀ intake ਦੇਖਦੇ ਹੋਏ ਅਗਲੇ ਸਾਲ ਇਨ੍ਹਾਂ ਦੇ ਜਾਰੀ ਰੱਖਣ ਬਾਰੇ review ਕੀਤਾ ਜਾਵੇ।

19. ਮੁਖੀ, ਯੂਨੀਵਰਸਿਟੀ ਸਕੂਲ ਆਫ਼ ਬਿਜਨਸ ਸਟੱਡੀਜ਼, ਤਲਵੰਡੀ ਸਾਬੋ ਵੱਲੋਂ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਵਿਭਾਗ ਵਿਚ ਐਮ.ਬੀ.ਏ ਕੋਰਸ ਵਿੱਚ ਦਾਖਲਾ ਐਂਟਰੈਂਸ ਟੈਸਟ ਦੇ ਅਧਾਰ ਤੇ ਕੀਤਾ ਜਾਵੇ, (ਪ੍ਰਾਈਵੇਟ ਕਾਲਜਾਂ ਵਿਖੇ ਵੀ) ਅਤੇ ਐਮ.ਬੀ.ਏ ਕੋਰਸ ਦੇ ਦਾਖਲੇ ਵਾਸਤੇ ਐਂਟਰੈਂਸ ਟੈਸਟ ਦਾ ਸੈਂਟਰ ਯੂਨੀਵਰਸਿਟੀ ਸਕੂਲ ਆਫ਼ ਬਿਜਨਸ ਸਟੱਡੀਜ਼, ਤਲਵੰਡੀ ਸਾਬੋ ਵਿਖੇ ਬਣਾਇਆ ਜਾਵੇ। ਇਸ ਸਬੰਧੀ ਫੈਸਲਾ ਲਿਆ ਗਿਆ ਹੈ ਕਿ ਸਿਰਫ ਸਕੂਲ ਆਫ ਮੈਨੇਜਮੈਂਟ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੀ ਐਮ.ਬੀ.ਏ ਕੋਰਸਾਂ ਵਿੱਚ ਦਾਖਲਾ Entrance Test ਰਾਹੀਂ ਕੀਤਾ ਜਾਵੇਗਾ। ਯੂਨੀਵਰਸਿਟੀ ਸਕੂਲ ਆਫ਼ ਬਿਜਨਸ ਸਟੱਡੀਜ਼, ਤਲਵੰਡੀ ਸਾਬੋ ਅਤੇ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਮੁਹਾਲੀ ਵਿਖੇ ਐਮ.ਬੀ.ਏ ਕੋਰਸਾਂ ਵਿੱਚ ਦਾਖਲਾ Qualifying Class/Degree ਦੇ marks ਦੀ ਮੈਰਿਟ ਦੇ ਅਧਾਰ ਤੇ ਕੀਤਾ ਜਾਵੇ।

(iii)

20. ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ ਤਲਵੰਡੀ ਸਾਬੋ ਵਿਖੇ ਗੋਲਡਨ ਹਾਰਟ ਸਕਾਲਰਸ਼ਿਪ ਅਧੀਨ 10+1 ਅਤੇ 10+2 (ਨਾਨ-ਮੈਡੀਕਲ) ਵਿੱਚ ਜੇਕਰ ਅੱਗੇ ਤੋਂ ਸੀਟਾਂ ਖਾਲੀ ਰਹਿ ਜਾਣ ਤਾਂ ਇਹ ਖਾਲੀ ਰਹਿੰਦੀਆਂ ਸੀਟਾਂ ਪੇਂਡੂ ਅਤੇ ਸ਼ਹਿਰੀ ਵਿਦਿਆਰਥੀਆਂ (ਜੋ ਗੋਲਡਨ ਹਾਰਟ ਸਕੀਮ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ) ਤੋਂ ਬਣਦੀ ਫੀਸ ਭਾਵ 12,600/- ਰੁਪਏ ਲੈ ਕੇ ਭਰ ਲਈਆਂ ਜਾਣ।

21. ਬਾਟਨੀ ਵਿਭਾਗ ਵਿਖੇ ਐਮ.ਐਸ.ਸੀ. ਆਨਰਜ਼ ਬਾਟਨੀ (ਦੋ ਸਾਲਾ) ਵਿਚ ਸੈਸ਼ਨ 2018-19 ਲਈ ਦਾਖ਼ਲਾ ਪ੍ਰਵੇਸ਼ ਪ੍ਰੀਖਿਆ ਰਾਹੀ ਕਰ ਲਿਆ ਜਾਵੇ। ਐਮ.ਐਸ.ਸੀ. ਆਨਰਜ਼ ਬਾਟਨੀ (ਪੰਜ ਸਾਲਾ ਇੰਟਾਗ੍ਰੇਟਿਡ ਕੋਰਸ) ਵਿਚ ਸੈਸ਼ਨ 2018-19 ਦੌਰਾਨ ਦਾਖਲਾ NEET CBSE, New Delhi ਦੀ ਮੈਰਿਟ ਦੇ ਅਧਾਰ ਤੇ ਕੀਤਾ

ਜਾਵੇ ਅਤੇ ਜੇਕਰ ਇਸ ਤੋਂ ਬਾਅਦ ਸੀਟਾਂ ਖਾਲੀ ਰਹਿੰਦੀਆਂ ਹਨ ਤਾਂ ਉਹ ਸੀਟਾਂ 10+2 ਦੀ ਮੈਰਿਟ ਦੇ ਅਧਾਰ ਤੇ ਭਰ ਲਈਆਂ ਜਾਣ। ਅਗੋਂ ਤੋਂ ਉਸ ਸੈਸ਼ਨ ਨਾਲ ਸੰਬੰਧਤ ਉਸ ਸਾਲ ਦੇ NEET (ਭਾਵ ਜਿਵੇਂ ਇਸ ਸਾਲ, 2018-19 ਦੇ ਆਧਾਰ ਤੇ ਕੀਤਾ ਜਾ ਰਿਹਾ ਹੈ), ਦੇ ਆਧਾਰ ਤੇ ਹੀ ਦਾਖ਼ਲਾ ਕੀਤਾ ਜਾਵੇ ਅਤੇ ਜੇ ਸੀਟਾਂ ਖਾਲੀ ਰਹਿੰਦੀਆਂ ਹਨ ਤਾਂ 10+2 ਦੀ ਮੈਰਿਟ ਦੇ ਆਧਾਰ ਤੇ ਸੀਟਾਂ ਭਰ ਲਈਆਂ ਜਾਣ।

22. ਫੋਰੈਂਸਿਕ ਸਾਇੰਸ ਵਿਭਾਗ ਵਿਖੇ ਚਲ ਰਹੇ P.G Diploma Forensic Odontology (one year evening course) ਨੂੰ Dental Council of India ਪਾਸੋਂ ਪ੍ਰਵਾਨਗੀ ਨਾ ਮਿਲਣ ਕਾਰਣ ਇਹ ਕੋਰਸ ਅਕਾਦਮਿਕ ਸੈਸ਼ਨ 2018-19 ਤੋਂ ਬੰਦ ਕਰ ਦਿੱਤਾ ਜਾਵੇ। ਇਸ ਤੋਂ ਇਲਾਵਾ M.Sc. (Forensic Science) ਕੋਰਸ ਵਿੱਚ ਦਾਖਲੇ ਲਈ ਨਿਮਨ-ਲਿਖਤ ਦੀ ਲੋਅ ਵਿੱਚ ਨਵੀਆਂ ਯੋਗਤਾਵਾਂ ਨਿਰਧਾਰਿਤ ਕੀਤੀਆਂ ਗਈਆਂ ਹਨ:

**M.Sc. Forensic Science (2 Years) Pre-requisite:**B.Sc. with Chemistry as one of the major subjects for all the three years and any two of the following Subjects: Anthropology /Biochemistry/ Biotechnology Botany / Genetics / Mathematics / Physics / Statistics / Zoology / B.Pharm / B.Sc. (Forensic Science)

23. ਅਕਾਦਮਿਕ ਸੈਸ਼ਨ 2018-19 ਤੋਂ M.Tech. (Computer Engineering, Electronics and Communication Engineering, Mechanical Engineering ਅਤੇ Civil Engineering) ਕੋਰਸਾਂ ਵਿਚ ਜੇਕਰ ਅਰਜ਼ੀਆਂ ਸੀਟਾਂ ਤੋਂ ਵੱਧ ਪ੍ਰਾਪਤ ਹੁੰਦੀਆਂ ਹਨ ਤਾਂ ਦਾਖ਼ਲਾ Entrance Test ਦੇ ਆਧਾਰ 'ਤੇ ਕੀਤਾ ਜਾਵੇਗਾ। ਜੇਕਰ ਅਰਜ਼ੀਆਂ ਸੀਟਾਂ ਤੋਂ ਘੱਟ ਪ੍ਰਾਪਤ ਹੁੰਦੀਆਂ ਹਨ ਤਾਂ ਦਾਖ਼ਲਾ Qualifying Class/Degree ਦੇ marks ਦੇ ਆਧਾਰ 'ਤੇ ਕੀਤਾ ਜਾਵੇਗਾ।

24. ਪੰਜਾਬੀ ਯੂਨੀਵਰਸਿਟੀ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ, ਝੁਨੀਰ ਵਿਖੇ ਬੀ.ਕਾਮ. ਕੋਰਸ ਦਾ ਇਕ ਹੋਰ ਸੈਕਸ਼ਨ ਸ਼ੁਰੂ ਕਰ ਲਿਆ ਜਾਵੇ।ਇਹ ਸਪਸ਼ਟ ਹੈ ਕਿ ਇਸ ਕੋਰਸ ਦੀਆਂ ਜੇਕਰ ਘੱਟੋ-ਘੱਟ 40 ਸੀਟਾਂ ਭਰਦੀਆਂ ਹਨ ਤਾਂ ਹੀ ਇਹ ਕੋਰਸ ਚਲਾਇਆ ਜਾਵੇਗਾ। ਇਸ ਤੋਂ ਇਲਾਵਾ ਕੈਂਪਸ ਵਿਖੇ ਚਲ ਰਿਹਾ ਐਮ.ਬੀ.ਏ. ਦਾ ਕੋਰਸ ਬੰਦ ਕਰ ਦਿੱਤਾ ਜਾਵੇ।

ਬੋਰਡ ਵੱਲੋਂ ਫੈਸਲਾ ਕੀਤਾ ਗਿਆ ਕਿ ਪੰਜਾਬੀ ਯੂਨੀਵਰਸਿਟੀ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ, ਝੁਨੀਰ ਵਿਖੇ ਸ਼ੁਰੂ ਕੀਤੇ ਜਾਣ ਬਾਰੇ ਬੀ.ਕਾਮ ਕੋਰਸ ਦੇ ਇੱਕ ਹੋਰ ਸੈਕਸ਼ਨ ਵਿੱਚ ਘੱਟੋ ਘੱਟ 40 ਸੀਟਾਂ ਦੀ ਥਾਂ 30 ਸੀਟਾਂ ਜੇਕਰ ਭਰਦੀਆਂ ਹਨ ਤਾਂ ਹੀ ਕੋਰਸ ਚਲਾਇਆ ਜਾਵੇਗਾ। ਇਸ ਤੋਂ ਇਲਾਵਾ ਕੈਂਪਸ ਨੂੰ ਕੋਈ ਵੱਖਰਾ ਸਟਾਫ਼ ਨਹੀ ਦਿੱਤਾ ਜਾਵੇਗਾ।

25. ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ, ਰਾਮਪੁਰਾ ਫੂਲ ਵਿਖੇ ਐਮ.ਏ. (ਰਾਜਨੀਤੀ ਸ਼ਾਸਤਰ) ਅਤੇ ਐਮ.ਏ. (ਧਰਮ ਅਧਿਐਨ) ਕੋਰਸ ਸ਼ੁਰੂ ਕਰ ਲਏ ਜਾਣ। ਇਹ ਸਪਸ਼ਟ ਹੈ ਕਿ ਇਨ੍ਹਾਂ ਕੋਰਸਾਂ ਦੀਆਂ ਘੱਟੋ-ਘੱਟ 30 ਸੀਟਾਂ ਭਰੀਆਂ ਜਾਣਗੀਆਂ ਤਾਂ ਹੀ ਇਹ ਕੋਰਸ ਚਲਾਏ ਜਾਣਗੇ, ਨਹੀ ਤਾਂ ਨਹੀ ਚਲਾਏ ਜਾਣਗੇ। ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਕਾਲਜ ਨੂੰ ਗੈਸਟ ਫੈਕਲਟੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕਾਲਜ ਵਿਖੇ ਬੀ.ਕਾਮ. ਕੋਰਸ ਦਾ ਇਕ ਹੋਰ ਸੈਕਸ਼ਨ ਸ਼ੁਰੂ ਕੀਤਾ ਜਾਵੇ। ਇਸ ਕੋਰਸ ਦੀਆਂ ਜੇਕਰ ਘੱਟੋ-ਘੱਟ 40 ਸੀਟਾਂ ਭਰਦੀਆਂ ਹਨ ਤਾਂ ਹੀ ਇਹ ਕੋਰਸ ਚਲਾਇਆ ਜਾਵੇਗਾ।

ਬੋਰਡ ਵੱਲੋਂ ਫੈਸਲਾ ਕੀਤਾ ਗਿਆ ਕਿ ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ, ਰਾਮਪੁਰਾ ਫੂਲ ਵਿਖੇ ਸ਼ੁਰੂ ਕੀਤੇ ਜਾਣ ਵਾਲੇ ਬੀ.ਕਾਮ ਕੋਰਸ ਦੇ ਇੱਕ ਹੋਰ ਸੈਕਸ਼ਨ ਵਿੱਚ ਘੱਟੋ ਘੱਟ

40 ਸੀਟਾਂ ਦੀ ਥਾਂ ਜੇਕਰ 30 ਸੀਟਾਂ ਭਰਦੀਆਂ ਹਨ ਤਾਂ ਹੀ ਕੋਰਸ ਚਲਾਇਆ ਜਾਵੇਗਾ।

26. ਯੂਨੀਵਰਸਿਟੀ ਕਾਲਜ, ਮੂਨਕ ਵਿਖੇ ਐਮ.ਏ. (ਪੰਜਾਬੀ) ਅਤੇ ਐਮ.ਏ (ਰਾਜਨੀਤੀ ਸ਼ਾਸਤਰ) ਕੋਰਸ ਸ਼ੁਰੂ ਕਰ ਲਏ ਜਾਣ। ਇਹ ਸਪਸ਼ਟ ਹੈ ਕਿ ਇਨ੍ਹਾਂ ਕੋਰਸਾਂ ਦੀਆਂ ਘੱਟੋ-ਘੱਟ 30 ਸੀਟਾਂ ਭਰੀਆਂ ਜਾਣਗੀਆਂ ਤਾਂ ਹੀ ਇਹ ਕੋਰਸ ਚਲਾਏ ਜਾਣਗੇ। ਇਸ ਤੋਂ ਇਲਾਵਾ ਕਾਲਜ ਵਿਖੇ ਬੀ.ਕਾਮ. ਕੋਰਸ ਦਾ ਇਕ ਹੋਰ ਸੈਕਸ਼ਨ ਸ਼ੁਰੂ ਕੀਤਾ ਜਾਵੇ। ਇਸ ਕੋਰਸ ਦੀਆਂ ਜੇਕਰ ਘੱਟੋ-ਘੱਟ 40 ਸੀਟਾਂ ਭਰਦੀਆਂ ਹਨ ਤਾਂ ਹੀ ਇਹ ਕੋਰਸ ਚਲਾਇਆ ਜਾਵੇਗਾ।

ਬੋਰਡ ਵੱਲੋਂ ਫੈਸਲਾ ਕੀਤਾ ਗਿਆ ਕਿ ਯੂਨੀਵਰਸਿਟੀ ਕਾਲਜ, ਮੂਨਕ ਵਿਖੇ ਸ਼ੁਰੂ ਕੀਤੇ ਜਾਣ ਵਾਲੇ ਬੀ.ਕਾਮ ਕੋਰਸ ਦੇ ਇੱਕ ਹੋਰ ਸੈਕਸ਼ਨ ਵਿੱਚ ਘੱਟੋ ਘੱਟ 40 ਸੀਟਾਂ ਦੀ ਥਾਂ ਜੇਕਰ 30 ਸੀਟਾਂ ਭਰਦੀਆਂ ਹਨ ਤਾਂ ਹੀ ਕੋਰਸ ਚਲਾਇਆ ਜਾਵੇਗਾ।

27. ਯੂਨੀਵਰਸਿਟੀ ਕਾਲਜ, ਘਨੌਰ ਵਿਖੇ ਬੀ.ਕਾਮ. ਕੋਰਸ ਦਾ ਇਕ ਹੋਰ ਸੈਕਸ਼ਨ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਦੀਆਂ ਜੇਕਰ ਘੱਟੋ-ਘੱਟ 40 ਸੀਟਾਂ ਭਰਦੀਆਂ ਹਨ ਤਾਂ ਹੀ ਇਹ ਕੋਰਸ ਚਲਾਇਆ ਜਾਵੇਗਾ।

ਬੋਰਡ ਵੱਲੋਂ ਫੈਸਲਾ ਕੀਤਾ ਗਿਆ ਕਿ ਯੂਨੀਵਰਸਿਟੀ ਕਾਲਜ, ਘਨੌਰ ਵਿਖੇ ਸ਼ੁਰੂ ਕੀਤੇ ਜਾਣ ਵਾਲੇ ਬੀ.ਕਾਮ ਕੋਰਸ ਦੇ ਇੱਕ ਹੋਰ ਸੈਕਸ਼ਨ ਵਿੱਚ ਘੱਟੋ ਘੱਟ 40 ਸੀਟਾਂ ਦੀ ਥਾਂ ਜੇਕਰ 30 ਸੀਟਾਂ ਭਰਦੀਆਂ ਹਨ ਤਾਂ ਹੀ ਕੋਰਸ ਚਲਾਇਆ ਜਾਵੇਗਾ।

28. ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀ ਪੀਰ ਨੇਬਰਹੁੱਡ ਕੈਂਪਸ, ਰੱਲਾ (ਮਾਨਸਾ) ਵਿਖੇ ਪੀ.ਜੀ.ਡੀ.ਸੀ.ਏ. ਕੋਰਸ ਦਾ ਇਕ ਹੋਰ ਸੈਕਸ਼ਨ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਦੀਆ ਜੇਕਰ ਘੱਟੋ-ਘੱਟ 30 ਸੀਟਾਂ ਭਰਦੀਆਂ ਹਨ ਤਾਂ ਹੀ ਇਹ ਕੋਰਸ ਚਲਾਇਆ ਜਾਵੇਗਾ।

**ਮੱਦ ਨੰਬਰ - 2**

ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਮੋਹਾਲੀ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ Pre Ph.D Course Work (in Management) ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 14-03-2018 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ (ਅੰਤਿਕਾ-II) ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ:

**ਨੋਟ :**

1 ਮੁਖੀ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਮੋਹਾਲੀ ਵੱਲੋਂ ਆਪਣੀ ਈ-ਮੇਲ ਮਿਤੀ 11-12-2017 (ਅੰਤਿਕਾ-III) ਰਾਹੀ ਸੂਚਿਤ ਕੀਤਾ ਗਿਆ ਕਿ ਵਿਭਾਗ ਵਿਖੇ ਵਾਈਸ-ਚਾਂਸਲਰ ਸਾਹਿਬ ਦੀ ਚੇਅਰਮੈਨਸ਼ਿਪ ਵਿੱਚ ਹੋਈ ਮੀਟਿੰਗ ਵਿੱਚ ਵਿਭਾਗ ਵਿਖੇ Pre Ph.D Course Work (in Management) ਸ਼ੁਰੂ ਕਰਨ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਮੌਖਿਕ ਆਦੇਸ਼ ਦਿੱਤੇ। ਇਸ ਤੇ ਵਿਚਾਰ ਕਰਨ ਲਈ ਵਾਈਸ-ਚਾਂਸਲਰ ਸਾਹਿਬ ਦੁਆਰਾ ਗਠਿਤ ਕਮੇਟੀ ਵੱਲੋਂ ਆਪਣੀ ਮਿਤੀ 14-03-2018 ਨੂੰ ਹੋਈ ਇਕੱਤਰਤਾ ਵਿੱਚ ਸਿਫਾਰਿਸ਼ ਕੀਤੀ ਗਈ ਹੈ ਕਿ ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਮੋਹਾਲੀ ਵਿਖੇ ਅਕਾਦਮਿਕ ਸਾਲ 2018-19 ਤੋਂ Pre Ph.D Course Work (in Management) ਸ਼ੁਰੂ ਕਰ ਲਿਆ ਜਾਵੇ। ਵਾਈਸ-ਚਾਂਸਲਰ ਸਾਹਿਬ ਵੱਲੋਂ ਕਮੇਟੀ ਦੀਆ ਸਿਫਾਰਿਸ਼ਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਮੱਦ ਨੰਬਰ - 3

ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਮੋਹਾਲੀ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਐਮ.ਸੀ.ਏ ਅਤੇ ਬੀ.ਟੈਕ ਫਾਈਨਲ ਸਮੈਸਟਰ ਦੇ ਵਿਦਿਆਰਥੀਆਂ ਲਈ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਵੱਲੋਂ ਗਠਿਤ ਕਮੇਟੀ ਦੀ ਮਿਤੀ 14-03-2018 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ (ਅੰਤਿਕਾ-IV):

ਨੋਟ :

1 ਮੁਖੀ, ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਮੋਹਾਲੀ ਵੱਲੋਂ ਪੱਤਰ ਨੰਬਰ 175/PURCITM ਮਿਤੀ 20-09-2017 (ਅੰਤਿਕਾ-V) ਰਾਹੀਂ ਅਕਾਦਮਿਕ ਸੈਸ਼ਨ 2018-19 ਤੋਂ ਐਮ.ਸੀ.ਏ ਅਤੇ ਬੀ.ਟੈਕ ਫਾਈਨਲ ਸਮੈਸਟਰ ਦੇ ਵਿਦਿਆਰਥੀਆਂ ਲਈ ਟ੍ਰੇਨਿੰਗ ਪ੍ਰਗਰਾਮ Java Programming (Core+Advanced), Website Development (HTML + DHTML + JAVASCRIPT + PHP + MYSQL ਅਤੇ Android Technologies ਆਦਿ ਸ਼ੁਰੂ ਕਰਨ ਦੀ ਬੇਨਤੀ ਕੀਤੀ ਗਈ ਹੈ।

2 ਮੁਖੀ, ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਮੋਹਾਲੀ ਵੱਲੋਂ ਆਪਣੇ ਪੱਤਰ ਵਿੱਚ ਇਹ ਵੀ ਦੱਸਿਆ ਗਿਆ ਇਨ੍ਹਾਂ ਟ੍ਰੇਨਿੰਗ ਕੋਰਸਿਜ਼ ਦਾ ਸੰਚਾਲਨ ਸੈਂਟਰ ਵਿਖੇ ਮੌਜੂਦਾ ਸਾਜ਼ੋ-ਸਮਾਨ ਅਤੇ ਅਧਿਆਪਕਾਂ ਦੁਆਰਾ ਹੀ ਕੀਤਾ ਜਾਵੇਗਾ, ਜਿਸ ਨਾਲ ਯੂਨੀਵਰਸਿਟੀ 'ਤੇ ਕਿਸੇ ਕਿਸਮ ਦਾ ਕੋਈ ਵਿੱਤ ਬੋਝ ਨਹੀ ਆਵੇਗਾ।

3 ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਫਾਰ ਇਨਫਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਮੋਹਾਲੀ ਵਿਖੇ ਇਹ ਟ੍ਰੇਨਿੰਗ ਕੋਰਸਿਜ਼ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਨਾਲ ਹੀ ਇਨ੍ਹਾਂ ਟ੍ਰੇਨਿੰਗ ਕੋਰਸਾਂ ਦੀ ਫੀਸ 18,000/- ਰੁਪਏ ਪ੍ਰਤੀ ਟ੍ਰੇਨਿੰਗ ਕੋਰਸ ਨਿਰਧਾਰਿਤ ਕੀਤੀ ਗਈ ਹੈ।

ਮੱਦ ਨੰਬਰ - 4

ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਛੇ ਮਹੀਨਿਆਂ ਦੀ ਇੰਡਸਟਰੀਅਲ ਟ੍ਰੇਨਿੰਗ ਸ਼ੁਰੂ ਕਰਨ ਸਬੰਧੀ ਮਿਤੀ 18-01-2018 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ (ਅੰਤਿਕਾ-VI)।

ਨੋਟ :

1 ਮੁਖੀ, ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵੱਲੋਂ ਆਪਣੇ ਪੱਤਰ 25195/ਵਾਈਕੋ ਮਿਤੀ 06-11-2017 (ਅੰਤਿਕਾ-VII) ਰਾਹੀਂ ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ ਛੇ ਮਹੀਨਿਆਂ ਦੀ ਇੰਡਸਟਰੀਅਲ ਟ੍ਰੇਨਿੰਗ ਸ਼ੁਰੂ ਕਰਨ ਸਬੰਧੀ ਬੇਨਤੀ ਕੀਤੀ ਗਈ ਹੈ। ਇਸ ਸਬੰਧ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 18-01-2018 ਨੂੰ ਹੋਈ ਇਕੱਤਰਤਾ ਵਿੱਚ ਕੀਤੀ ਗਈ ਸਿਫਾਰਿਸ਼ ਦੀ ਲੋਅ ਵਿੱਚ ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ ਵਿਦਿਆਰਥੀਆਂ ਦੀ ਟ੍ਰੇਨਿੰਗ ਦੇ ਸਮੇਂ ਅਤੇ ਕੈਰੀਅਰ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਈਸ-ਚਾਂਸਲਰ ਸਾਹਿਬ ਵੱਲੋਂ ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ Project based Training ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਬੋਰਡ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਇਹ Project based Training ਕੇਵਲ ਸੈਸ਼ਨ 2017-18 ਵਾਸਤੇ ਹੀ ਸੀ।

ਮੱਦ ਨੰਬਰ - 5

ਕੰਪਿਊਟਰ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ ਵਿਖੇ ਅਕਾਦਮਿਕ ਸਾਲ 2018-19 ਤੋਂ ਬੀ.ਟੈਕ (ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ) ਦੀਆਂ 180 ਸੀਟਾਂ ਵਿੱਚ ਹੋਰ 10% ਵਾਧਾ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਨੂੰ ਸੋਧ ਉਪਰੰਤ ਪਾਸ ਕੀਤਾ ਗਿਆ (ਅੰਤਿਕਾ-VIII):

ਨੋਟ :

ਮੁਖੀ, ਕੰਪਿਊਟਰ ਇੰਜੀਨੀਅਰਿੰਗ ਵਿਭਾਗ ਵੱਲੋਂ ਆਪਣੇ ਪੱਤਰ ਨੰਬਰ 13411/CED ਮਿਤੀ 05-02-2018 ਰਾਹੀਂ ਕੰਪਿਊਟਰ ਇੰਜੀਨੀਅਰਿੰਗ ਵਿਭਾਗ ਵਿਖੇ ਬੀ.ਟੈਕ (ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ) ਦੀ ਮੰਗ ਨੂੰ ਦੇਖਦੇ ਹੋਏ 180 ਸੀਟਾਂ ਵਿੱਚ ਹੋਰ 10% ਵਾਧਾ ਕਰਨ ਸਬੰਧੀ ਲਿਖਿਆ ਗਿਆ ਹੈ। ਇਸ ਸਬੰਧ ਵਿੱਚ ਇਸ ਕੋਰਸ ਵਿੱਚ 180 ਸੀਟਾਂ ਵਿੱਚ ਹੋਰ 10% ਵਾਧਾ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ।

ਬੋਰਡ ਵੱਲੋਂ ਸੋਧ ਉਪਰੰਤ ਫੈਸਲਾ ਗਿਆ ਗਿਆ ਕਿ ਕੋਰਸ ਦੀਆਂ ਸੀਟਾਂ 180 ਤੋਂ ਵਧਾ ਕੇ 200 ਕਰ ਦਿੱਤੀਆਂ ਜਾਣ।

ਮੱਦ ਨੰਬਰ - 6

ਗਣਿਤ ਵਿਭਾਗ ਵਿਖੇ ਚਲ ਰਹੇ ਅੰਡਰ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਵਿੱਚ ਅਕਾਦਮਿਕ ਸਾਲ 2018-19 ਤੋਂ ਦਾਖਲਾ Entrance Test ਰਾਹੀਂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ (ਅੰਤਿਕਾ-IX):

ਨੋਟ :

1 ਮੁਖੀ, ਗਣਿਤ ਵਿਭਾਗ ਵੱਲੋਂ ਆਪਣੇ ਪੱਤਰ ਨੰਬਰ 508/ਗਣਿਤ ਮਿਤੀ 18-08-2017 (ਅੰਤਿਕਾ-X) ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਨ੍ਹਾਂ ਦੇ ਵਿਭਾਗ ਵਿਖੇ ਅੰਡਰ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਵਿੱਚ ਅਰਜੀਆਂ ਦੀ ਗਿਣਤੀ ਵੱਧ ਹੋਣ ਕਾਰਣ ਅਤੇ ਸੀਟਾਂ ਦੀ ਗਿਣਤੀ ਘੱਟ ਹੋਣ ਕਾਰਣ ਦਾਖਲਾ Entrance Test ਰਾਹੀਂ ਕਰ ਲਿਆ ਜਾਵੇ। ਵਾਈਸ-ਚਾਂਸਲਰ ਸਾਹਿਬ ਵੱਲੋਂ ਗਣਿਤ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਅੰਡਰ ਅਤੇ ਪੋਸਟ
(iii) ਗ੍ਰੈਜੂਏਟ ਕੋਰਸਾਂ ਵਿੱਚ ਦਾਖਲਾ Entrance Test ਰਾਹੀਂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਮੱਦ ਨੰਬਰ - 7

B.Tech (ECE, ME, CIVIL) ਭਾਗ ਪਹਿਲਾ ਦੀਆਂ ਖਾਲੀ ਪਈਆਂ ਸੀਟਾਂ ਨੂੰ ਸੈਸ਼ਨ 2018-19 ਵਿੱਚ 10+2 ਦੀ ਮੈਰਿਟ ਦੇ ਅਧਾਰ ਤੇ ਭਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ (ਅੰਤਿਕਾ-XI):

ਨੋਟ :

ਮੁਖੀ, (ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀ.), ਮੁਖੀ, (ਮਕੈਨੀਕਲ ਇੰਜੀ.) ਅਤੇ ਮੁਖੀ, (ਸਿਵਲ ਇੰਜੀ.) ਵੱਲੋਂ ਆਪਣੇ ਪੱਤਰ ਨੰਬਰ 625 ਈ.ਸੀ.ਈ. ਮਿਤੀ 03-08-2017 (ਅੰਤਿਕਾ-XII) ਰਾਹੀਂ ਸਿਫਾਰਿਸ਼ ਕੀਤੀ ਗਈ ਹੈ ਕਿ ਉਨ੍ਹਾ ਦੇ ਵਿਭਾਗਾਂ ਵਿੱਚ JEE Main-2017 ਦੇ ਅਧਾਰ ਤੇ ਦਾਖਲਾ ਘੱਟ ਹੋਣ ਕਾਰਨ ਬੀ.ਟੈਕ (ਭਾਗ

ਪਹਿਲਾ) ਦੀਆਂ ਖਾਲੀ ਪਈਆਂ ਸੀਟਾਂ ਨੂੰ 10+2 ਦੀ ਮੈਰਿਟ ਦੇ ਅਧਾਰ ਤੇ ਭਰ ਲਿਆ ਜਾਵੇ।

ਵਾਈਸ-ਚਾਂਸਲਰ ਸਾਹਿਬ ਵੱਲੋਂ B.Tech (ECE, ME, CIVIL) ਭਾਗ-ਪਹਿਲਾ ਵਿੱਚ ਅਕਾਦਮਿਕ ਸੈਸ਼ਨ 2018-19 ਤੋਂ ਦਾਖਲਾ ਪਹਿਲਾਂ JEE Main ਦੀ ਮੈਰਿਟ ਅਨੁਸਾਰ ਅਤੇ ਜੇ ਸੀਟਾਂ ਖਾਲੀ ਰਹਿਣ ਤਾਂ 10+2 ਦੀ ਮੈਰਿਟ ਦੇ ਅਧਾਰ ਭਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

**ਮੱਦ ਨੰਬਰ - 8**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕੰਮ ਕਰ ਰਹੇ ਫੈਕਲਟੀ ਮੈਂਬਰਾਂ ਨੂੰ ਕੇਂਦਰੀ ਫੰਡਿੰਗ ਏਜੰਸੀਆਂ ਵੱਲੋਂ ਅਲਾਟ ਕੀਤੇ ਗਏ ਰਿਸਰਚ ਪ੍ਰੋਜੈਕਟਾਂ ਦੇ overhead charges ਦੀ ਰਾਸ਼ੀ 7.5% ਜਾਂ 10% ਤੋਂ ਵਧਾ ਕੇ 15% ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ (ਅੰਤਿਕਾ-XIII)

**ਨੋਟ :**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕੰਮ ਕਰ ਰਹੇ ਫੈਕਲਟੀ ਮੈਂਬਰਾਂ ਵੱਲੋਂ ਵੱਖ-ਵੱਖ ਕੇਂਦਰੀ ਫੰਡਿੰਗ ਏਜੰਸੀਆਂ ਅਤੇ ਰਾਜ ਦੀਆਂ ਫੰਡਿੰਗ ਏਜੰਸੀਆਂ ਤੋਂ major/minor ਰਿਸਰਚ ਪ੍ਰੋਜੈਕਟ ਲਏ ਜਾਂਦੇ ਹਨ। ਇਨ੍ਹਾਂ ਰਿਸਰਚ ਪ੍ਰੋਜੈਕਟਾਂ ਵਿੱਚ ਫੈਕਲਟੀ ਮੈਂਬਰਾਂ ਨੂੰ ਫੰਡਿੰਗ ਏਜੰਸੀ ਵੱਲੋਂ ਵੱਖ-ਵੱਖ Budget Heads ਭਾਵ Books & Journals, Equipment, Contingency, Travel and field works, hiring services ਅਤੇ overhead charges ਆਦਿ ਵਾਸਤੇ ਗਰਾਂਟ ਦਿੱਤੀ ਜਾਂਦੀ ਹੈ। ਕਈ ਫੰਡਿੰਗ ਏਜੰਸੀਆਂ ਵੱਲੋਂ overhead charges ਸਬੰਧੀ ਨਿਯਮ ਸਪੱਸ਼ਟ ਹਨ ਭਾਵ ਕਿ ਪ੍ਰੋਜੈਕਟ ਦੀ total cost ਦਾ 7.5% ਜਾਂ 10% ਜਾਂ ਕੋਈ ਹੋਰ ratio ਦਿੱਤਾ ਜਾਂਦਾ ਹੈ। ਇਹ ਰਾਸ਼ੀ ਫੰਡਿੰਗ ਏਜੰਸੀ ਪਾਸੋਂ ਇੱਕ ਮੁਸ਼ਤ ਪ੍ਰਾਪਤ ਹੁੰਦੀ ਹੈ ਅਤੇ ਯੂਨੀਵਰਸਿਟੀ ਦੇ ਕਰੰਟ ਅਕਾਊਂਟ ਵਿੱਚ ਟਰਾਂਸਫਰ ਕੀਤੀ ਜਾਂਦੀ ਹੈ। ਇਹ overhead charges parent institution ਵਾਸਤੇ ਹੁੰਦੇ ਹਨ ਕਿਉਂਕਿ parent institution ਵੱਲੋਂ ਸਬੰਧਤ ਫੈਕਲਟੀ ਮੈਂਬਰ ਨੂੰ infrastructure (ਭਾਵ ਬਿਜਲੀ, ਦਫ਼ਤਰ, ਸਟਾਫ਼ ਆਦਿ) ਮੁਹੱਈਆ ਕਰਵਾਇਆ ਜਾਂਦਾ ਹੈ। ਕਈ ਫੰਡਿੰਗ ਏਜੰਸੀਆਂ ਵੱਲੋਂ overhead charges ਦੀ ratio ਨਿਰਧਾਰਿਤ ਨਹੀ ਕੀਤੀ ਹੋਈ ਭਾਵ ਇਨ੍ਹਾਂ ਪ੍ਰੋਜੈਕਟਸ ਵਾਸਤੇ ਫੈਕਲਟੀ ਮੈਂਬਰ ਵੱਲੋਂ ਹੀ ਰਾਸ਼ੀ ਮੰਗੀ ਜਾਂਦੀ ਹੈ। ਵੇਖਣ ਵਿੱਚ ਆਇਆ ਹੈ ਕਿ ਇਹੋ ਜਿਹੇ ਰਿਸਰਚ ਪ੍ਰੋਜੈਕਟਾਂ ਵਾਸਤੇ ਫੈਕਲਟੀ ਮੈਂਬਰ ਵੱਲੋਂ ਲਗਭਗ ਕੋਈ 7.5% ਜਾਂ 10% ਦੀ ਰਾਸ਼ੀ ਹੀ ਕਲੇਮ ਕੀਤੀ ਜਾਂਦੀ ਹੈ ਅਤੇ ਫੰਡਿਗ ਏਜੰਸੀ ਵੱਲੋਂ ਉਹੀ ਰਾਸ਼ੀ ਰੀਲੀਜ਼ ਕੀਤੀ ਜਾਂਦੀ ਹੈ ਜਦਕਿ ਇਨ੍ਹਾਂ ਰਿਸਰਚ ਪ੍ਰੋਜੈਕਟਾਂ ਦਾ ਸਮਾਂ 2-3 ਸਾਲ ਦਾ ਹੁੰਦਾ ਹੈ ਅਤੇ ਕਲੇਮ ਕੀਤੀ ਜਾਣ ਵਾਲੀ overhead charges ਦੀ ਰਾਸ਼ੀ ਯੂਨੀਵਰਸਿਟੀ ਵੱਲੋਂ ਮੁਹੱਈਆ ਕਰਵਾਏ ਜਾਣ ਵਾਲੇ infrastructure ਤੋਂ ਕਾਫੀ ਘੱਟ ਹੁੰਦੀ ਹੈ। ਸਮਾਂ ਬੀਤਣ ਦੇ ਨਾਲ-ਨਾਲ infrastructure ਦੇ ਖਰਚੇ ਵੀ ਵੱਧ ਗਏ ਹਨ ਇਸ ਲਈ ਅਜਿਹੇ ਰਿਸਰਚ ਪ੍ਰੋਜੈਕਟਾਂ, ਜਿੱਥੇ ਕਿ ਫੰਡਿੰਗ ਏਜੰਸੀ ਵੱਲੋਂ overhead charges ਦੇ ਕਲੇਮ ਦੇ ਨਿਯਮ ਸਪੱਸ਼ਟ ਨਹੀ ਹਨ ਉਨ੍ਹਾਂ ਕੇਸਾਂ ਵਿੱਚ overhead charges ਕਲੇਮ ਕਰਨ ਦੀ ਰਾਸ਼ੀ ਪ੍ਰੋਜੈਕਟ ਦੇ ਕੁੱਲ ਬਜਟ ਦਾ ਘੱਟੋ ਘੱਟ 15% ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ।

ਡਾਇਰੈਕਟਰ, ਯੋਜਨਾ ਤੇ ਵਿਭਾਗ ਵੱਲੋਂ ਬੋਰਡ ਨੂੰ ਜਾਣਕਾਰੀ ਦਿੱਤੀ ਗਈ ਕਿ ਉਕਤ ਕੋਰਸਾਂ ਤੋਂ ਇਲਾਵਾ ਦਫ਼ਤਰ ਕੋਲ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਿਜ/ਯੂਨੀਵਰਸਿਟੀ ਕਾਂਸਟੀਚਿਊਟ ਕਾਲਜਾਂ ਪਾਸੋਂ ਹੋਰ ਵੀ ਨਵੇ ਕੋਰਸ/ਵਿਸ਼ੇ ਸ਼ੁਰੂ ਕਰਨ ਸਬੰਧੀ ਤਜਵੀਜ਼ਾਂ ਪ੍ਰਾਪਤ ਹੋਈਆਂ ਹਨ। ਬੋਰਡ ਵੱਲੋਂ ਇਹ ਤਜਵੀਜ਼ਾਂ ਵਿਚਾਰਨ ਉਪਰੰਤ ਨਿਮਨਲਿਖਿਤ ਅਨੁਸਾਰ ਫੈਸਲਾ ਲਿਆ ਗਿਆ:

ਮੱਦ ਨੰਬਰ 9

ਯੂਨੀਵਰਸਿਟੀ ਕਾਲਜ, ਬੇਨੜਾ ਧੂਰੀ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਬੀ.ਸੀ.ਏ (ਤਿੰਨ ਸਾਲਾ ਕੋਰਸ) ਸ਼ੁਰੂ ਕੀਤਾ ਜਾਵੇ। ਇਹ ਸਪਸ਼ਟ ਹੈ ਕਿ ਇਸ ਕੋਰਸ ਦੀਆਂ ਜੇਕਰ ਘੱਟੋ-ਘੱਟ 30 ਸੀਟਾਂ ਭਰਦੀਆਂ ਹਨ ਤਾਂ ਹੀ ਇਹ ਕੋਰਸ ਚਲਾਇਆ ਜਾਵੇਗਾ ਅਤੇ ਕੋਈ ਵੀ ਵਾਧੂ ਖਰਚਾ ਯੂਨੀਵਰਸਿਟੀ ਵੱਲੋਂ ਨਹੀਂ ਦਿੱਤਾ ਜਾਵੇਗਾ।

ਮੱਦ ਨੰਬਰ 10

ਯੂਨੀਵਰਸਿਟੀ ਕਾਲਜ, ਬਰਨਾਲਾ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਬੀ.ਏ (2nd shift) ਕੋਰਸ ਸ਼ੁਰੂ ਕਰ ਲਿਆ ਜਾਵੇ। ਇਹ ਸਪਸ਼ਟ ਹੈ ਕਿ ਇਸ ਕੋਰਸ ਲਈ ਕੋਈ ਵਾਧੂ ਸਟਾਫ਼/ਫੈਕਲਟੀ ਨਹੀਂ ਦਿੱਤੀ ਜਾਵੇਗੀ ਤੇ ਕੋਈ ਵੀ ਵਾਧੂ ਖ਼ਰਚਾ ਯੂਨੀਵਰਸਿਟੀ ਵੱਲੋਂ ਨਹੀਂ ਕੀਤਾ ਜਾਵੇਗਾ।

ਮੱਦ ਨੰਬਰ 11

ਪੰਜਾਬੀ ਯੂਨੀਵਰਸਿਟੀ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ, ਝੁਨੀਰ (ਮਾਨਸਾ) ਵਿਖੇ ਅਕਾਦਮਿਕ ਸੈਸ਼ਨ 2018-19 ਤੋਂ Post Graduate Diploma in Agricultural Marketing ਸ਼ੁਰੂ ਕਰ ਲਿਆ ਜਾਵੇ। ਇਹ ਸਪਸ਼ਟ ਹੈ ਕਿ ਇਸ ਡਿਪਲੋਮਾ ਲਈ ਕੋਈ ਵਾਧੂ ਸਟਾਫ਼/ਫੈਕਲਟੀ ਨਹੀਂ ਦਿੱਤੀ ਜਾਵੇਗੀ ਤੇ ਕੋਈ ਵੀ ਵਾਧੂ ਖ਼ਰਚਾ ਯੂਨੀਵਰਸਿਟੀ ਵੱਲੋਂ ਨਹੀਂ ਕੀਤਾ ਜਾਵੇਗਾ।

ਮੱਦ ਨੰਬਰ 12

ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵੱਲੋਂ M.Tech (Part Time) (ME, ECE and CE) ਕੋਰਸ 30-30 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਲਈ ਥਿਊਰੀ ਦੀਆਂ ਕਲਾਸਾਂ ਸ਼ਨੀਵਾਰ ਅਤੇ ਐਤਵਾਰ ਨੂੰ ਰਿਜਨਲ ਸੈਂਟਰ ਬਠਿੰਡਾ ਦੀ ਬਿਲਡਿੰਗ ਵਿਖੇ ਲਾਈਆਂ ਜਾਣ। ਇਹ ਸਪੱਸ਼ਟ ਹੈ ਕਿ ਪ੍ਰੈਕਟੀਕਲ, ਸੈਮੀਨਾਰ, ਥੀਸਕ ਆਦਿ ਕੰਮ ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ ਹੀ ਹੋਣਗੇ।

ਮੱਦ ਨੰਬਰ 13

ਪੰਜਾਬੀ ਯੂਨੀਵਰਸਿਟੀ, ਬਾਬਾ ਜੋਗੀ ਪੀਰ ਨੇਬਰਹੁੱਡ ਕੈਂਪਸ, ਰੱਲਾ ਵਿਖੇ ਬੋਰਡ ਵੱਲੋਂ ਸੈਸ਼ਨ 2018-19 ਤੋਂ MCA (Lateral Entry) ਕੋਰਸ ਸ਼ੁਰੂ ਕਰ ਲਿਆ ਜਾਵੇ।

ਮੱਦ ਨੰਬਰ 14

ਯੂਨੀਰਸਿਟੀ ਸਕੂਲ ਆਫ਼ ਬਿਜਨਸ ਸਟੱਡੀਜ਼, ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਵਿਖੇ MBA (Agri Business and Rural Development) ਕੋਰਸ 30 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ ਅਤੇ ਇੱਥੇ ਪਹਿਲਾਂ ਤੋਂ ਚਲ ਰਿਹਾ ਐਮ.ਬੀ.ਏ ਪੰਜ ਸਾਲਾ (ਇੰਟੈਗ੍ਰੇਟਿਡ) ਕੋਰਸ ਹਾਲ ਦੀ ਘੜੀ ਰੋਕ ਕੇ ਵਿਭਾਗ ਵਿਖੇ ਇਸ ਕੋਰਸ ਦੀ ਥਾਂ ਬੀ.ਬੀ.ਏ (ਤਿੰਨ ਸਾਲਾ) ਕੋਰਸ ਸ਼ੁਰੂ ਕਰ ਲਿਆ ਜਾਵੇ।

ਮੱਦ ਨੰਬਰ 15

ਯੂਨੀਵਰਸਿਟੀ ਕਾਲਜ ਬਹਾਦਰਪੁਰ, ਮਾਨਸਾ ਵਿਖੇ ਬੀ.ਸੀ.ਏ ਕੋਰਸ ਸ਼ੁਰੂ ਕਰ ਲਿਆ ਜਾਵੇ। ਇਹ ਸਪਸ਼ਟ ਹੈ ਕਿ ਇਸ ਕੋਰਸ ਦੀਆਂ ਜੇਕਰ ਘੱਟੋ-ਘੱਟ 30 ਸੀਟਾਂ ਭਰਦੀਆਂ ਹਨ ਤਾਂ ਹੀ ਇਹ ਕੋਰਸ ਚਲਾਇਆ ਜਾਵੇਗਾ। ਇਸ ਕੋਰਸ ਨੂੰ ਚਲਾਉਣ ਲਈ ਸਿਰਫ਼ ਗੈਸਟ ਫੈਕਲਟੀ ਹੀ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਕਾਲਜ ਵਿਖੇ ਬੀ.ਏ ਵਿੱਚ ਅੰਗਰੇਜੀ ਸਾਹਿਤ, ਗਣਿਤ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ੇ ਵੀ ਸ਼ੁਰੂ ਕਰ ਲਏ ਜਾਣ। ਪਰੰਤੂ ਇਨ੍ਹਾਂ ਵਿਸ਼ਿਆਂ ਨੂੰ ਮੌਜੂਦਾ ਸਟਾਫ਼ ਹੀ ਪੜ੍ਹਾਏਗਾ। ਕੋਈ ਹੋਰ ਵਾਧੂ ਸਟਾਫ/ਫੈਕਲਟੀ ਨਹੀਂ ਦਿੱਤੀ ਜਾਵੇਗੀ।

**ਮੱਦ ਨੰਬਰ 16**

~~ਪੋਸਟ ਗ੍ਰੈਜੂਏਟ ਸਟੱਡੀਜ਼ ਵਿਭਾਗ~~, ਰਿਜ਼ਨਲ ਸੈਂਟਰ, ਬਠਿੰਡਾ ਵਿਖੇ ਸਕੂਲ ਆਫ਼ ਬਿਜਨਸ ਸਟੱਡੀਜ਼ ਬਣਾ ਕੇ ਇੱਥੇ ਐਮ.ਬੀ.ਏ ਕੋਰਸ 40 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ।

**ਮੱਦ ਨੰਬਰ 17**

ਸੈਂਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼ ਵਿਖੇ ਐਮ.ਏ (ਆਨਰਜ਼) ਟੀ.ਵੀ ਐਂਡ ਫਿਲਮ ਪ੍ਰੋਡਕਸ਼ਨ (ਪੰਜ ਸਾਲਾ ਇੰਟੇਗਰੇਟਿਡ ਕੋਰਸ) ਸ਼ੁਰੂ ਕੀਤਾ ਜਾਵੇ ਜੇਕਰ ਕੋਈ ਵਿਦਿਆਰਥੀ ਬੈਚਲਰ ਡਿਗਰੀ ਹੀ ਕਰਨਾ ਚਾਹੁੰਦਾ ਹੈ ਤਾਂ exit point ਰੱਖਿਆ ਜਾਵੇ। ਪੰਜ ਸਾਲ ਪੂਰੇ ਕਰਨ ਤੇ ਵਿਦਿਆਰਥੀ ਨੂੰ ਮਾਸਟਰ ਡਿਗਰੀ ਦਿੱਤੀ ਜਾਵੇਗੀ। ਇਸ ਕੋਰਸ ਵਿੱਚ Lateral Entry ਰਾਹੀਂ ਦਾਖਲਾ ਕਰਨ ਵਾਸਤੇ ਵਿਭਾਗ ਏ.ਸੀ.ਡੀ ਵਿੱਚੋਂ eligibility ਤਹਿ ਕਰਕੇ ਭੇਜੇਗਾ। ਅਕਾਦਮਿਕ ਸਾਲ 2018-19 ਤੋਂ ਐਮ.ਏ (ਟੀ.ਵੀ. ਐਂਡ ਫਿਲਮ ਪ੍ਰੋਡਕਸ਼ਨ) ਵਿੱਚ ਦਾਖਲਾ ਨਹੀਂ ਕੀਤਾ ਜਾਵੇਗਾ।

**ਮੱਦ ਨੰਬਰ 18**

ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ, ਦਮਦਮਾ ਸਾਹਿਬ ਵਿਖੇ ਨਿਮਨ-ਲਿਖਿਤ ਅਨੁਸਾਰ ਕੋਰਸ ਸ਼ੁਰੂ ਕਰ ਲਏ ਜਾਣ:

1) B.Com
2) M.Sc (Physics)
3) M.Sc. (Chemistry)
4) M.Sc. (Math)
5) M.A (English)
6) M.A. (Political Science)
7) M.A (History)

ਬੋਰਡ ਵੱਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਇਨ੍ਹਾਂ ਕੋਰਸਾਂ ਲਈ ਪ੍ਰਤੀ ਕੋਰਸ 30 ਸੀਟਾਂ ਰੱਖੀਆਂ ਜਾਣ ਅਤੇ ਕੋਰਸ ਤਾਂ ਹੀ ਚਲਣਗੇ ਜੇਕਰ ਇਨ੍ਹਾਂ ਕੋਰਸਾਂ ਵਿਚ 30-30 ਸੀਟਾਂ ਤੇ ਦਾਖਲਾ ਹੋਵੇਗਾ। ਇਨ੍ਹਾਂ ਕੋਰਸਾਂ ਲਈ ਲੋੜ ਪੈਣ ਤੇ ਸਿਰਫ ਗੈਸਟ ਫੈਕਲਟੀ ਦਿੱਤੀ ਜਾਵੇਗੀ ਅਤੇ ਗੈਸਟ ਫੈਕਲਟੀ ਆਦਿ ਦਾ ਖਰਚਾ ਕਾਲਜ ਆਪਣੇ ਪੱਧਰ ਤੇ ਕਰੇਗਾ ਅਤੇ ਯੂਨੀਵਰਸਿਟੀ ਵੱਲੋਂ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਵੇਗੀ।

**ਮੱਦ ਨੰਬਰ 19**

ਸਰੀਰਕ ਸਿੱਖਿਆ ਵਿਭਾਗ ਵਿਖੇ M.P.Ed. ਕੋਰਸ ਦੀਆਂ ਸੀਟਾਂ 33 ਤੋਂ ਵਧਾ ਕੇ 40 ਕਰ ਦਿੱਤੀਆਂ ਜਾਣ।

**ਮੱਦ ਨੰਬਰ 20**

ਯੂਨੀਵਰਸਿਟੀ ਕਾਲਜ, ਮੂਨਕ ਵਿਖੇ ਅਕਾਦਮਿਕ ਸੈਸ਼ਨ 2018-19 ਤੋਂ ਬੀ.ਏ ਵਿਚ ਫਿਲਾਸਫੀ ਵਿਸ਼ਾ ਸ਼ੁਰੂ ਕਰ ਲਿਆ ਜਾਵੇ। ਇਹ ਸਪਸ਼ਟ ਹੈ ਕਿ ਇਸ ਵਿਸ਼ੇ ਲਈ ਕੇਵਲ ਗੈਸਟ ਫੈਕਲਟੀ ਦਿੱਤੀ ਜਾਵੇਗੀ। ਗੈਸਟ ਫੈਕਲਟੀ ਆਦਿ ਦਾ ਖਰਚਾ ਕਾਲਜ ਆਪਣੇ ਪੱਧਰ ਤੇ ਕਰੇਗਾ ਅਤੇ ਯੂਨੀਵਰਸਿਟੀ ਵੱਲ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਵੇਗੀ।

ਇਸ ਮੀਟਿੰਗ ਤੋਂ ਬਾਅਦ ਜੇਕਰ ਕੋਈ ਹੋਰ ਕੋਰਸ ਸ਼ੁਰੂ ਕਰਨ ਸਬੰਧੀ ਤਜਵੀਜ਼ ਪ੍ਰਾਪਤ ਹੁੰਦੀ ਹੈ ਤਾਂ ਉਸ ਨੂੰ ਡਾਇਰੈਕਟਰ, ਯੋਜਨਾ ਅਤੇ ਨਿਰੀਖਣ ਅਤੇ ਡੀਨ, ਅਕਾਦਮਿਕ ਮਾਮਲੇ ਵੱਲੋਂ ਵਾਈਸ-ਚਾਂਸਲਰ ਸਾਹਿਬ ਨਾਲ ਵਿਚਾਰ-ਵਟਾਂਦਰਾ ਕਰਕੇ ਉਚਿਤ ਫ਼ੈਸਲਾ ਕਰ ਲਿਆ ਜਾਵੇ।

ਯੋਜਨਾ ਅਤੇ ਨਿਰੀਖਣ ਬੋਰਡ ਦੀ ਸਿਫਾਰਿਸ਼ਾਂ ਅਕਾਦਮਿਕ ਕੌਂਸਲ/ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹਨ, ਜੀ।

ਡਾਇਰੈਕਟਰ,
ਯੋਜਨਾ ਤੇ ਨਿਰੀਖਣ

ਡੀਨ, ਅਕਾਦਮਿਕ ਮਾਮਲੇ 1.5.18

ਉਪਰੋਕਤ ਸਿਫਾਰਸ਼ਾਂ ਪ੍ਰਵਾਨਗੀ ਹਿਤ।

ਵਾਈਸ-ਚਾਂਸਲਰ ਸਾਹਿਬ

ਚਰਚਾ ਕਰੋ।

3.5.18

ਡੀ ਜੀ ਸਾਹਿਬ ਨਾਲ ਗਲਬਾਤ। ਜੋ Proposal ਵਿਭਾਗ ਦੁਆਰਾ ਭੇਜੀ ਗਈ ਸੀ ਉਹੀ (ਸਰਲੱਖ ਨੰ 14) ਮਨ ਲਈ ਜਾਵੇ। ਉਹੀ Proposal ਮਨਜ਼ੂਰ managed ... ਪੜ੍ਹਿਆ ਜਾਵੇ। ↓ ਭਾਵ (MBA Agri Business

ਪ੍ਰਵਾਨਗੀ ਹਿਤ। 4.5.18

ਡੀ ਜੀ ਸਾਹਿਬ

4.5.18